ਵੱਲੋਂ

ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ ਪੰਜਾਬ,
(ਤਕਨੀਕੀ ਸਿਖਿਆ ਵਿਭਾਗ),ਚੰਡੀਗੜ੍ਹ।

ਸੇਵਾ ਵਿਖੇ,

ਪ੍ਰਿੰਸੀਪਲ/ਡਾਇਰੈਕਟਰ
ਰਾਜ ਦੇ ਸਾਰੇ ਸਰਕਾਰੀ/ਪ੍ਰਾਈਵੇਟ ਇੰਜੀ:/ਮੈਨੇਜਮੈਂਟ/
ਫਾਰਮੇਸੀ/ਆਰਕੀਟੈਕਚਰ/ਹੋਟਲ ਮੈਨੇਜਮੈਂਟ ਸੰਸਥਾਵਾਂ।

ਮੀਮੋ ਨੰ: 1838 ਮਿਤੀ: 03/8/12

ਵਿਸ਼ਾ:- ਪੰਜਾਬ ਰਾਜ ਨੂੰ ਹਰਾ ਭਰਾ ਬਣਾਉਣ ਸਬੰਧੀ।

ਇਹ ਦੱਸਿਆ ਜਾਂਦਾ ਹੈ ਕਿ ਮਾਨਯੋਗ ਤਕਨੀਕੀ ਸਿਖਿਆ ਮੰਤਰੀ ਜੀ ਵੱਲੋਂ ਇਹ ਹੁਕਮ ਦਿੱਤੇ ਹਨ ਕਿ ਰਾਜ ਦੀ ਹਰੇਕ ਸੰਸਥਾ ਆਪਣੇ ਪੱਧਰ ਤੇ ਮਿਤੀ 14-08-2012 ਨੂੰ ਸਵੇਰੇ 10.00 ਤੋਂ 10.30 ਵਜੇ ਦੇ ਵਿਚਕਾਰ ਆਪਣੀ ਸੰਸਥਾ ਵਿੱਚ ਵਿਦਿਆਰਥੀਆਂ ਤੋਂ ਜਾਂ ਆਪ ਲਗਭਗ 200 ਬੂਟੇ ਲਗਾਏਗੀ।

ਇਸ ਲਈ ਮਾਨਯੋਗ ਤਕਨੀਕੀ ਸਿਖਿਆ ਮੰਤਰੀ ਜੀ ਵੱਲੋਂ ਦਿੱਤੇ ਆਦੇਸ਼ਾਂ ਦੀ ਇੰਨਬਿਨ ਪਾਲਣਾ ਕੀਤੀ ਜਾਵੇ। ਇੱਥੇ ਇਹ ਵੀ ਦੱਸਣਾ ਉਚਿਤ ਹੈ ਕਿ ਇਸ ਸਬੰਧੀ ਮਾਨਯੋਗ ਤਕਨੀਕੀ ਸਿਖਿਆ ਮੰਤਰੀ ਜੀ ਕਿਸੇ ਵੀ ਸਮੇਂ ਸੰਸਥਾ ਵਿਖੇ ਵਿਜਿਟ/ਇੰਸਪੈਕਸ਼ਨ ਕਰ ਸਕਦੇ ਹਨ। ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਵਧੀਕ ਡਾਇਰੈਕਟਰ
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਤੇ
ਉਦਯੋਗਿਕ ਸਿਖਲਾਈ ਵਿਭਾਗ,ਚੰਡੀਗੜ੍ਹ।